# ਬਰਤਾਨਵੀ ਪ੍ਰਧਾਨ ਮੰਤਰੀ

British

PRIME MINISTER

# ਬਰਤਾਨਵੀ ਪ੍ਰਧਾਨ ਮੰਤਰੀ ਦੀ ਪਦਵੀ ਦੀ ਮਹੱਤਤਾ

ਸੰਸਦੀ ਪ੍ਰਣਾਲੀ ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸਭ ਤੋਂ ਵੱਧ ਮਹੱਤਵਪੂਰਨ ਹੁੰਦਾ ਹੈ। ਪ੍ਰਧਾਨ ਮੰਤਰੀ ਹੀ ਅਸਲ ਵਿੱਚ ਰਾਸ਼ਟਰੀ ਜੀਵਨ ਦਾ ਸੰਚਾਲਨ ਕਰਦਾ ਹੈ। ਸਰ ਜਾੱਨ ਮਾਰਲੇ (Sir John Morley) ਦਾ ਕਥਨ ਹੈ ਕਿ, "ਪ੍ਰਧਾਨ ਮੰਤਰੀ ਮੰਤਰੀ ਮੰਡਲ ਰੂਪੀ ਮਹਿਰਾਬ ਦਾ ਨੀਂਹ ਪੱਥਰ ਹੈ।" ਪ੍ਰਧਾਨ ਮੰਤਰੀ ਦਾ ਅਹੁਦਾ ਇੰਗਲੈਂਡ ਵਿੱਚ ਹੌਲੀ-ਹੌਲੀ ਸ਼ਕਤੀਸ਼ਾਲੀ ਬਣਿਆਂ ਹੈ। ਇਹ ਅਹੁਦਾ ਹੁਣ ਐਨਾ ਸ਼ਕਤੀਸ਼ਾਲੀ ਬਣ ਗਿਆ ਹੈ ਕਿ ਰਿਚਰਡ ਕਰਾਸਮੈਨ (Richard Crossman) ਨਾਂ ਦੇ ਵਿਦਵਾਨ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ, "ਯੁੱਧ ਤੋਂ ਬਾਅਦ ਦੇ ਕਾਲ ਨੇ 'ਮੰਤਰੀ ਮੰਡਲ ਸ਼ਾਸਨ' ਦੇ 'ਪ੍ਰਧਾਨ ਮੰਤਰੀ ਸ਼ਾਸਨ' ਵਿੱਚ ਬਦਲ ਜਾਣ ਦੀ ਅੰਤਿਮ ਤਬਦੀਲੀ ਨੂੰ ਵੇਖਿਆ ਹੈ।"

# ਪ੍ਰਧਾਨ ਮੰਤਰੀ ਦੀ ਪਦਵੀ ਨਾਲ਼ ਸੰਬੰਧਿਤ ਵਿਵਸਥਾਵਾਂ

# PRIME MINISTER

## MAIN PROVISIONS RELATED TO HIS OFFICE

# 1. ਪ੍ਰਧਾਨ ਮੰਤਰੀ ਦੀ ਪਦਵੀ ਦਾ ਆਧਾਰ
# (Basis of the Office of Prime Minister)

ਪ੍ਰਧਾਨ ਮੰਤਰੀ ਦੀ ਪਦਵੀ ਦਾ ਜਨਮ ਕਿਸੇ ਕਾਨੂੰਨ ਅਧੀਨ ਨਹੀਂ ਸਗੋਂ ਕੁੱਝ ਇਤਿਹਾਸਿਕ ਘਟਨਾਵਾਂ ਕਰਕੇ ਹੋਇਆ ਹੈ। ਪਹਿਲਾਂ ਬਾਦਸ਼ਾਹ ਮੰਤਰੀ ਮੰਡਲ ਦੀ ਬੈਠਕ ਦੀ ਪ੍ਰਧਾਨਗੀ ਕਰਦਾ ਸੀ ਅਤੇ ਆਪਣੇ ਮੰਤਰੀਆਂ ਦੀ ਸਲਾਹ ਲੈਂਦਾ ਸੀ। 1714 ਵਿੱਚ ਜਾਰਜ I (George I) ਇੰਗਲੈਂਡ ਦਾ ਬਾਦਸ਼ਾਹ ਬਣਿਆਂ। ਜਰਮਨ ਹੋਣ ਕਾਰਨ ਜਾਰਜ I ਅੰਗਰੇਜੀ ਭਾਸ਼ਾ ਨਹੀਂ ਸਮਝਦਾ ਸੀ, ਅਤੇ ਨਾ ਹੀ ਉਸਨੂੰ ਇੰਗਲੈਂਡ ਦੀ ਰਾਜਨੀਤੀ ਵਿੱਚ ਬਹੁਤੀ ਦਿਲਚਸਪੀ ਸੀ। ਉਸਨੇ ਆਪਣੇ ਮੰਤਰੀਆਂ ਦੀ ਬੈਠਕ ਦੀ ਪ੍ਰਧਾਨਗੀ ਕਰਨੀ ਛੱਡ ਦਿੱਤੀ ਅਤੇ ਇੱਕ ਸੀਨੀਅਰ ਮੰਤਰੀ ਨੇ ਬੈਠਕਾਂ ਦੀ ਪ੍ਰਧਾਨਗੀ ਕਰਨੀ ਸ਼ੁਰੂ ਕਰ ਦਿੱਤੀ। ਰਾਬਰਟ ਵਾਲਪੋਲ (Robert Walpole) ਨਾਂ ਦਾ ਇਹ ਸੀਨੀਅਰ ਮੰਤਰੀ ਹੀ ਇੰਗਲੈਂਡ ਦਾ ਪਹਿਲਾ ਪ੍ਰਧਾਨ ਮੰਤਰੀ ਮੰਨਿਆਂ ਜਾਂਦਾ ਹੈ, ਜਿਹੜਾ ਕਿ 1721 ਈ. ਤੋਂ ਲੈ ਕੇ 1742 ਈ. ਤੱਕ ਇਸ ਅਹੁਦੇ ਤੇ ਰਿਹਾ। ਜਾਰਜ I ਤੋਂ ਬਾਅਦ ਵੀ ਇਹ ਪ੍ਰੰਪਰਾ ਇਸੇ ਤਰਾਂ ਜਾਰੀ ਰਹੀ ਅਤੇ ਬਾਦਸ਼ਾਹ ਦੀ ਥਾਂ ਕੋਈ ਸੀਨੀਅਰ ਮੰਤਰੀ ਹੀ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਰਿਹਾ। ਬਹੁਤ ਲੰਮਾਂ ਸਮਾਂ ਕਿਸੇ ਵੀ ਕਾਨੂੰਨ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੋਈ ਵਰਣਨ ਨਹੀਂ ਸੀ ਕੀਤਾ ਗਿਆ।

# 2. ਪ੍ਰਧਾਨ ਮੰਤਰੀ ਦੀ ਪਦਵੀ ਨੂੰ ਕਾਨੂੰਨੀ ਮਾਨਤਾ (Legal recognition to the Office of Prime Minister)

'ਪ੍ਰਧਾਨ ਮੰਤਰੀ' ਦਾ ਸ਼ਬਦ ਬਹੁਤ ਸਾਲਾਂ ਤੱਕ ਕਿਸੇ ਵੀ ਦਸਤਾਵੇਜ ਵਿੱਚ ਨਹੀਂ ਸੀ ਵਰਤਿਆ ਗਿਆ। ਉਸਦਾ ਕਾਨੂੰਨੀ ਅਹੁਦਾ 'ਮਹਾਰਾਣੀ ਦੇ ਖਜ਼ਾਨੇ ਦਾ ਪਹਿਲਾ ਲਾਰਡ' (First Lord of Her Majesty's Treasury) ਸੀ। ਇਹ ਬਰਤਾਨਵੀ ਨਾਮਕਰਨ ਦੂਸਰੇ ਦੇਸ਼ਾਂ ਲਈ ਬਹੁਤਾ ਸਪੱਸ਼ਟ ਨਹੀਂ ਸੀ। ਇਸ ਲਈ 1878 ਈ. ਵਿੱਚ ਲਾਰਡ ਬੈਕਨਫੀਲਡ (Lord Beaconfield) ਨੇ ਜਦ ਬਰਲਿਨ ਦੀ ਸੰਧੀ ਤੇ ਇੰਗਲੈਂਡ ਵੱਲੋਂ ਦਸਤਖਤ ਕੀਤੇ ਤਾਂ ਉਸਨੇ ਆਪਣੇ ਨਾਂ ਨਾਲ ਜਿਹੜਾ ਰੁਤਬਾ ਵਰਤਿਆ ਉਸ ਵਿੱਚ ਪਹਿਲੀ ਵਾਰੀ ਇੰਗਲੈਂਡ ਦਾ ਪ੍ਰਧਾਨ ਮੰਤਰੀ ਸ਼ਬਦ ਦੀ ਵਰਤੋਂ ਕੀਤੀ (ਮਹਾਰਾਣੀ ਦੇ ਖਜ਼ਾਨੇ ਦਾ ਪਹਿਲਾ ਲਾਰਡ, ਇੰਗਲੈਂਡ ਦਾ ਪ੍ਰਧਾਨ ਮੰਤਰੀ)। 1906 ਵਿੱਚ ਉਸਨੂੰ ਪ੍ਰਾਥਮਿਕਤਾ ਦੀ ਸੂਚੀ (Order of Precedence) ਵਿੱਚ ਚੌਥਾ ਸਥਾਨ ਪ੍ਰਦਾਨ ਕੀਤਾ ਗਿਆ। ਤਾਜ ਦੇ ਮੰਤਰੀ ਕਾਨੂੰਨ, 1937 (The Ministers of Crown Act, 1937) ਪਹਿਲਾ ਅਜਿਹਾ ਕਾਨੂੰਨ ਸੀ ਜਿਸ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ। ਇਸਤੋਂ ਪਹਿਲਾਂ ਕਾਨੂੰਨੀ ਰੂਪ ਵਿੱਚ ਉਸਦੇ ਅਹੁਦੇ ਦਾ ਨਾਂ 'ਖਜ਼ਾਨੇ ਦਾ ਪਹਿਲਾ ਲਾਰਡ' ਹੀ ਸੀ।

# 3. ਪ੍ਰਧਾਨ ਮੰਤਰੀ ਦੀ ਨਿਯੁਕਤੀ (Appointment of the Prime Minister)

ਪ੍ਰਧਾਨ ਮੰਤਰੀ ਦੀ ਨਿਯੁਕਤੀ ਬਾਦਸ਼ਾਹ ਕਰਦਾ ਹੈ। ਪ੍ਰੰਤੂ ਇਸ ਨਿਯੁਕਤੀ ਲਈ ਬਾਦਸ਼ਾਹ ਸੁਤੰਤਰ ਨਹੀਂ ਹੁੰਦਾ, ਉਹ ਉਸ ਵਿਅਕਤੀ ਨੂੰ ਹੀ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ ਜਿਸਨੂੰ ਕਾਮਨਜ਼ ਸਦਨ ਦੇ ਬਹੁਮਤ ਦਾ ਵਿਸ਼ਵਾਸ਼ ਹਾਸਲ ਹੋਵੇ। ਕਈ ਵਾਰੀ ਅਜਿਹੀ ਸਥਿਤੀ ਜਰੂਰ ਆ ਸਕਦੀ ਹੈ ਕਿ ਕਿਸੇ ਵੀ ਰਾਜਨੀਤਿਕ ਦਲ ਨੂੰ ਪੂਰਨ ਬਹੁਮਤ ਨਾ ਮਿਲਿਆ ਹੋਵੇ। ਅਜਿਹੀ ਸਥਿਤੀ ਵਿੱਚ ਬਾਦਸ਼ਾਹ ਆਪਣੀ ਇੱਛਾ ਦਾ ਸੀਮਿਤ ਜਿਹਾ ਇਸਤੇਮਾਲ ਕਰ ਸਕਦਾ ਹੈ। ਉਹ ਵੱਖੋ–ਵੱਖ ਦਾਅਵੇਦਾਰਾਂ ਵਿੱਚੋਂ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ। ਨਿਯੁਕਤੀ ਕਰਦੇ ਸਮੇਂ ਬਾਦਸ਼ਾਹ ਨੇ ਧਿਆਨ ਰੱਖਣਾ ਹੁੰਦਾ ਹੈ ਕਿ ਉਹ ਵਿਅਕਤੀ ਕਾਮਨਜ਼ ਸਦਨ ਦੇ ਬਹੁਮਤ ਦਾ ਵਿਸ਼ਵਾਸ਼ ਪ੍ਰਾਪਤ ਕਰ ਸਕਦਾ ਹੋਵੇ। ਜੇਕਰ ਪ੍ਰਧਾਨ ਮੰਤਰੀ ਬਹੁਮਤ ਦਾ ਵਿਸ਼ਵਾਸ਼ ਪ੍ਰਾਪਤ ਕਰਨ ਵਿੱਚ ਕਾਮਯਾਬ ਨਾ ਹੋਵੇ ਤਾਂ ਉਸਨੂੰ ਅਸਤੀਫਾ ਦੇਣਾ ਪੈਂਦਾ ਹੈ।

## 4. ਕਾਮਨਜ਼ ਸਦਨ ਦਾ ਮੈਂਬਰ ਹੋਣਾ ਜਰੂਰੀ
## (Prime Minister must be a member of the House of Commons)

ਕਾਨੂੰਨੀ ਤੌਰ ਤੇ ਪ੍ਰਧਾਨ ਮੰਤਰੀ ਸੰਸਦ ਕਿਸੇ ਵੀ ਸਦਨ ਦਾ ਮੈਂਬਰ ਹੋ ਸਕਦਾ ਹੈ। ਇਸ ਪਦਵੀ ਦੇ ਜਨਮ ਤੋਂ ਲੈ ਕੇ 1902 ਤੱਕ ਦੋਵੇਂ ਸਦਨਾਂ ਦੇ ਮੈਂਬਰ ਪ੍ਰਧਾਨ ਮੰਤਰੀ ਬਣਦੇ ਰਹੇ ਹਨ। ਲਾਰਡ ਸਦਨ ਵਿੱਚੋਂ ਨਿਯੁਕਤ ਕੀਤਾ ਗਿਆ ਆਖਰੀ ਪ੍ਰਧਾਨ ਮੰਤਰੀ ਲਾਰਡ ਸੇਲਜ਼ਬਰੀ (Lord Salisbury) ਸੀ ਜਿਹੜਾ 1902 ਤੱਕ ਇਸ ਅਹੁਦੇ ਤੇ ਰਿਹਾ। ਇਸਤੋਂ ਬਾਅਦ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਪ੍ਰਧਾਨ ਮੰਤਰੀ ਉਸੇ ਸਦਨ ਵਿੱਚੋਂ ਹੋਣਾ ਚਾਹੀਦਾ ਹੈ ਜਿਹੜੇ ਸਦਨ ਕੋਲ ਸਰਕਾਰ ਬਣਾਉਣ ਤੇ ਭੰਗ ਕਰਨ ਦੀ ਸ਼ਕਤੀ ਹੈ। 1923 ਵਿੱਚ ਇਹ ਪ੍ਰਸ਼ਨ ਬਾਦਸ਼ਾਹ ਸਾਹਮਣੇ ਪੈਦਾ ਹੋਇਆ ਜਦੋਂ ਪ੍ਰਧਾਨ ਮੰਤਰੀ ਬੋਨਰ ਲਾਅ (Boner Law) ਦੇ ਅਸਤੀਫਾ ਦੇਣ ਪਿੱਛੋਂ ਸੱਤਾਧਾਰੀ ਦਲ ਦੇ ਦੋ ਮੈਂਬਰ ਲਾਰਡ ਕਰਜ਼ਨ (Lord Curzon) ਅਤੇ ਸਟੈਨਲੇ ਬਾਲਡਵਿਨ (Stanley Baldwin) ਇਸ ਅਹੁਦੇ ਦੇ ਉਮੀਦਵਾਰ ਬਣ ਗਏ। ਬਾਦਸ਼ਾਹ ਨੇ ਬਾਲਡਵਿਨ ਨੂੰ ਇਸ ਆਧਾਰ ਤੇ ਪ੍ਰਧਾਨ ਮੰਤਰੀ ਬਣਾ ਦਿੱਤਾ ਕਿ ਉਹ ਕਾਮਨਜ਼ ਸਦਨ ਵਿੱਚੋਂ ਸੀ। ਇਸਤੋਂ ਬਾਅਦ ਇਹ ਪੱਕੀ ਪ੍ਰੰਪਰਾ ਬਣ ਗਈ ਹੈ ਕਿ ਪ੍ਰਧਾਨ ਮੰਤਰੀ ਹਮੇਸ਼ਾਂ ਕਾਮਨਜ਼ ਸਦਨ ਵਿੱਚੋਂ ਹੀ ਬਣਾਇਆ ਜਾਂਦਾ ਹੈ।

# 5. ਯੋਗਤਾਵਾਂ
# (Qualifications)

• ਪ੍ਰਧਾਨ ਮੰਤਰੀ ਦੀ ਪਦਵੀ ਲਈ ਕੋਈ ਯੋਗਤਾ ਵਿਸ਼ੇਸ਼ ਤੌਰ ਤੇ ਨਿਸ਼ਚਿਤ ਨਹੀਂ ਕੀਤੀ ਗਈ। ਪ੍ਰੰਤੂ ਕਿਉਂਕਿ ਉਸਦਾ ਕਾਮਨਜ਼ ਸਦਨ ਦਾ ਮੈਂਬਰ ਹੋਣਾ ਜਰੂਰੀ ਹੈ, ਇਸ ਲਈ ਪ੍ਰਧਾਨ ਮੰਤਰੀ ਬਣਨ ਲਈ ਉਹ ਸਾਰੀਆਂ ਯੋਗਤਾਵਾਂ ਹੋਣੀਆਂ ਜਰੂਰੀ ਹਨ ਜਿਹੜੀਆਂ ਕਾਮਨਜ਼ ਸਦਨ ਦਾ ਮੈਂਬਰ ਚੁਣੇ ਜਾਣ ਲਈ ਨਿਸ਼ਚਿਤ ਕੀਤੀਆਂ ਗਈਆਂ ਹੋਣ। ਵਰਤਮਾਨ ਸਮੇਂ ਇਹ ਯੋਗਤਾਵਾਂ ਇਸ ਪ੍ਰਕਾਰ ਹਨ–

i. ਉਹ ਵਿਅਕਤੀ ਬਰਤਾਨਵੀ ਪ੍ਰਜਾ ਹੋਵੇ।

ii. ਉਸਦੀ ਉਮਰ ਘੱਟੋ-ਘੱਟ 21 ਸਾਲ ਦੀ ਹੋਵੇ।

iii. ਉਸਦਾ ਨਾਂ ਕਿਸੇ ਚੋਣ ਖੇਤਰ ਦੀ ਵੋਟਰ ਸੂਚੀ ਵਿੱਚ ਦਰਜ ਹੋਵੇ।

# 6. ਕਾਰਜਕਾਲ
# (Tenure)

ਪ੍ਰਧਾਨ ਮੰਤਰੀ ਦਾ ਕਾਰਜਕਾਲ ਨਿਸ਼ਚਿਤ ਨਹੀਂ ਹੈ। ਉਹ ਬਾਦਸ਼ਾਹ ਦੀ ਖੁਸ਼ੀ ਤੱਕ ਆਪਣੇ ਅਹੁਦੇ ਤੇ ਰਹਿੰਦਾ ਹੈ। ਮੰਤਰੀ ਪ੍ਰੀਸ਼ਦ ਦੇ ਕਾਮਨਜ਼ ਸਦਨ ਨੂੰ ਜਵਾਬਦੇਹ ਹੋਣ ਕਰਕੇ ਬਾਦਸ਼ਾਹ ਪ੍ਰਧਾਨ ਮੰਤਰੀ ਨੂੰ ਉਦੋਂ ਤੱਕ ਅਹੁਦੇ ਤੋਂ ਵੱਖ ਨਹੀਂ ਕਰਦਾ ਜਦੋਂ ਤੱਕ ਉਸਨੂੰ ਇਸ ਸਦਨ ਦੇ ਬਹੁਮਤ ਦਾ ਵਿਸ਼ਵਾਸ਼ ਹਾਸਲ ਰਹੇ।

# ਪ੍ਰਧਾਨ ਮੰਤਰੀ

## ਕੰਮ ਅਤੇ ਸ਼ਕਤੀਆਂ

# PRIME MINISTER

## FUNCTIONS & POWERS

# 1. ਮੰਤਰੀ ਮੰਡਲ ਦਾ ਨਿਰਮਾਣ
# (Formation of the Cabinet)

ਪ੍ਰਧਾਨ ਮੰਤਰੀ ਮੰਤਰੀਆਂ ਦੀ ਸੂਚੀ ਤਿਆਰ ਕਰਕੇ ਇਸਨੂੰ ਸ਼ਾਹੀ ਪ੍ਰਵਾਨਗੀ ਲਈ ਪੇਸ਼ ਕਰਦਾ ਹੈ। ਇਸ ਸੂਚੀ ਤੇ ਬਾਦਸ਼ਾਹ ਦੀ ਪ੍ਰਵਾਨਗੀ ਸਿਰਫ ਰਸਮੀ ਹੁੰਦੀ ਹੈ ਕਿਉਂਕਿ ਬਾਦਸ਼ਾਹ ਨੇ ਕਦੇ ਵੀ ਕਿਸੇ ਵਿਅਕਤੀ ਦਾ ਇਸ ਸੂਚੀ ਵਿੱਚ ਨਾਮ ਸ਼ਾਮਿਲ ਕਰਨ ਜਾਂ ਨਾ ਕਰਨ ਤੇ ਕੋਈ ਇਤਰਾਜ਼ ਨਹੀਂ ਕੀਤਾ। ਪ੍ਰਧਾਨ ਮੰਤਰੀ ਸੰਸਦ ਦੇ ਮੈਂਬਰਾਂ ਤੋਂ ਬਿਨਾਂ ਵੀ ਕਿਸੇ ਵਿਅਕਤੀ ਨੂੰ ਮੰਤਰੀ ਬਣਾ ਸਕਦਾ ਹੈ। ਅਜਿਹੇ ਵਿਅਕਤੀ ਨੂੰ ਆਮ ਤੌਰ ਤੇ ਲਾਰਡ ਸਦਨ ਵਿੱਚ ਪੀਅਰ ਨਿਯੁਕਤ ਕਰਵਾ ਲਿਆ ਜਾਂਦਾ ਹੈ।

# 2. ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ
# (Distribution of portfolios among the Ministers)

ਮੰਤਰੀ ਮੰਡਲ ਦੇ ਮੈਂਬਰਾਂ ਵਿੱਚ ਵਿਭਾਗਾਂ ਦੀ ਵੰਡ ਪ੍ਰਧਾਨ ਮੰਤਰੀ ਕਰਦਾ ਹੈ। ਉਹ ਕਿਸੇ ਵੀ ਮੰਤਰੀ ਨੂੰ ਕੋਈ ਵੀ ਵਿਭਾਗ ਸੌਂਪ ਸਕਦਾ ਹੈ ਅਤੇ ਕਿਸੇ ਵੀ ਸਮੇਂ ਕਿਸੇ ਵੀ ਮੰਤਰੀ ਦੇ ਵਿਭਾਗ ਨੂੰ ਬਦਲ ਵੀ ਸਕਦਾ ਹੈ।

# 3. ਮੰਤਰੀ ਮੰਡਲ ਦਾ ਪੁਨਰ–ਗਠਨ
# (Re-organisation of the Cabinet)

ਪ੍ਰਧਾਨ ਮੰਤਰੀ ਕਿਸੇ ਵੀ ਸਮੇਂ ਮੰਤਰੀ ਮੰਡਲ ਦਾ ਪੁਨਰ–ਗਠਨ ਕਰ ਸਕਦਾ ਹੈ। ਜੇਕਰ ਕਿਸੇ ਮੰਤਰੀ ਦੇ ਕੰਮ ਤੋਂ ਪ੍ਰਧਾਨ ਮੰਤਰੀ ਸੰਤੁਸ਼ਟ ਨਾ ਹੋਵੇ ਤਾਂ ਉਹ ਮੰਤਰੀ ਨੂੰ ਬਰਖਾਸਤ ਕਰਨ ਦੀ ਥਾਂ ਪੁਨਰ–ਗਠਨ ਵਾਲਾ ਰਸਤਾ ਅਪਣਾ ਲੈਂਦਾ ਹੈ। ਅਜਿਹਾ ਕਰਨ ਨਾਲ ਹਟਾਏ ਜਾਣ ਵਾਲੇ ਮੰਤਰੀ ਦੀ ਸਥਿਤੀ ਬਹੁਤੀ ਬੇਇੱਜਤੀ ਵਾਲੀ ਨਹੀਂ ਬਣਦੀ ਅਤੇ ਮੰਤਰੀ ਮੰਡਲ ਦੀ ਇੱਕਰੂਪਤਾ ਵੀ ਕਾਇਮ ਰਹਿੰਦੀ ਹੈ।

# 4. ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣਾ
# (Dismissal of the Ministers)

ਪ੍ਰਧਾਨ ਮੰਤਰੀ ਕਿਸੇ ਵੀ ਮੰਤਰੀ ਨੂੰ ਅਹੁਦੇ ਤੋਂ ਵੱਖ ਕਰ ਸਕਦਾ ਹੈ। ਜਿਹੜੇ ਮੰਤਰੀ ਦੇ ਕੰਮ ਤੋਂ ਪ੍ਰਧਾਨ ਮੰਤਰੀ ਸੰਤੁਸ਼ਟ ਨਾ ਹੋਵੇ ਉਸਨੂੰ ਉਹ ਅਸਤੀਫਾ ਦੇਣ ਲਈ ਕਹਿ ਸਕਦਾ ਹੈ। ਪ੍ਰਧਾਨ ਮੰਤਰੀ ਦੇ ਕਹਿਣ ਤੇ ਸੰਬੰਧਿਤ ਮੰਤਰੀ ਨੂੰ ਅਸਤੀਫਾ ਦੇਣਾ ਹੀ ਪੈਂਦਾ ਹੈ ਕਿਉਂਕਿ ਉਸਦੇ ਅਜਿਹਾ ਨਾ ਕਰਨ ਤੇ ਪ੍ਰਧਾਨ ਮੰਤਰੀ ਬਾਦਸ਼ਾਹ ਨੂੰ ਕਹਿ ਕੇ ਉਸਨੂੰ ਅਹੁਦੇ ਤੋਂ ਵੱਖ ਕਰ ਸਕਦਾ ਹੈ।

# 5. ਮੰਤਰੀ ਮੰਡਲ ਦੀ ਅਗਵਾਈ
# (Leadership of the Cabinet)



# 5. ਮੰਤਰੀ ਮੰਡਲ ਦੀ ਅਗਵਾਈ
# (Leadership of the Cabinet)


ਪ੍ਰਧਾਨ ਮੰਤਰੀ ਆਪਣੇ ਮੰਤਰੀ ਮੰਡਲ ਦੀ ਅਗਵਾਈ ਕਰਦਾ ਹੈ। ਮੰਤਰੀ ਮੰਡਲ ਦੀਆਂ ਬੈਠਕਾਂ ਉਸਦੀ ਅਗਵਾਈ ਵਿੱਚ ਹੁੰਦੀਆਂ ਹਨ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦਾ ਏਜੰਡਾ ਤੈਅ ਕਰਦਾ ਹੈ। ਮੰਤਰੀ ਮੰਡਲ ਦਾ ਕੋਈ ਵੀ ਫੈਸਲਾ ਪ੍ਰਧਾਨ ਮੰਤਰੀ ਦੀ ਇੱਛਾ ਦੇ ਵਿਰੁੱਧ ਨਹੀਂ ਹੁੰਦਾ ਹੈ। ਇਸੇ ਲਈ ਮੰਤਰੀ ਮੰਡਲ ਦੇ ਹਰ ਫੈਸਲੇ ਲਈ ਪ੍ਰਧਾਨ ਮੰਤਰੀ ਸਭ ਤੋਂ ਪਹਿਲਾਂ ਜਿੰਮੇਵਾਰ ਹੁੰਦਾ ਹੈ।

# 6. ਵੱਖ–ਵੱਖ ਵਿਭਾਗਾਂ ਵਿੱਚ ਤਾਲਮੇਲ
# (Co-ordination among different departments)

ਮੰਤਰੀ ਮੰਡਲ ਦੇ ਸਾਰੇ ਵਿਭਾਗਾਂ ਵਿੱਚ ਤਾਲਮੇਲ ਕਰਨਾ ਪ੍ਰਧਾਨ ਮੰਤਰੀ ਦੀ ਬਹੁਤ ਮਹੱਤਵਪੂਰਨ ਜਿੰਮੇਵਾਰੀ ਹੈ। ਉਹ ਸਾਰੇ ਮੰਤਰੀਆਂ ਤੋਂ ਉਹਨਾਂ ਦੇ ਵਿਭਾਗਾਂ ਸੰਬੰਧੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਹੈ। ਜੇਕਰ ਵੱਖ–ਵੱਖ ਵਿਭਾਗਾਂ ਦੀਆਂ ਗਤੀਵਿਧੀਆਂ ਜਾਂ ਨੀਤੀਆਂ ਵਿੱਚ ਗਤੀਰੋਧ ਪੈਦਾ ਹੋ ਜਾਵੇ ਤਾਂ ਪ੍ਰਧਾਨ ਮੰਤਰੀ ਇਸਨੂੰ ਦੂਰ ਕਰਨ ਦੀ ਪਹਿਲ ਕਰਦਾ ਹੈ।

# 7. ਬਾਦਸ਼ਾਹ ਅਤੇ ਮੰਤਰੀ ਮੰਡਲ ਵਿਚਕਾਰ ਕੜੀ
# (A link between the Monarch and the Cabinet)

ਇੰਗਲੈਂਡ ਵਿੱਚ ਪ੍ਰਧਾਨ ਮੰਤਰੀ ਦੀ ਪਦਵੀ ਦਾ ਜਨਮ ਹੀ ਮੰਤਰੀ ਮੰਡਲ ਅਤੇ ਬਾਦਸ਼ਾਹ ਵਿਚਕਾਰ ਕੜੀ ਦੇ ਰੂਪ ਵਿੱਚ ਹੋਇਆ ਸੀ। ਮੰਤਰੀ ਮੰਡਲ ਦੀਆਂ ਨੀਤੀਆਂ ਨੂੰ ਉਹ ਬਾਦਸ਼ਾਹ ਤੱਕ ਪਹੁੰਚਾਉਂਦਾ ਰਹਿੰਦਾ ਹੈ। ਜੇਕਰ ਬਾਦਸ਼ਾਹ ਇਸ ਸੰਬੰਧੀ ਆਪਣੀ ਕੋਈ ਸਲਾਹ ਦੇਣੀ



# 8. ਸੰਸਦ ਦੀ ਅਗਵਾਈ
# (Leadership of the Parliament)

- ਇੰਗਲੈਂਡ ਵਿੱਚ ਸੰਸਦ ਦਾ ਭਾਵ ਕਾਮਨਜ਼ ਸਦਨ ਤੋਂ ਹੀ ਲਿਆ ਜਾਂਦਾ ਹੈ। ਪ੍ਰਧਾਨ ਮੰਤਰੀ ਕਾਮਨਜ਼ ਸਦਨ ਵਿੱਚ ਬਹੁਮਤ ਵਾਲੇ ਦਲ ਦਾ ਨੇਤਾ ਹੋਣ ਕਾਰਨ ਸੰਸਦ ਦੀ ਅਗਵਾਈ ਵੀ ਕਰਦਾ ਹੈ। ਸਰਕਾਰ ਵੱਲੋਂ ਮਹੱਤਵਪੂਰਨ ਐਲਾਨ ਪ੍ਰਧਾਨ ਮੰਤਰੀ ਸੰਸਦ ਵਿੱਚ ਆਪ ਕਰਦਾ ਹੈ। ਸਰਕਾਰ ਦੀਆਂ ਨੀਤੀਆਂ ਨੂੰ ਕਾਮਨਜ਼ ਸਦਨ ਦੀ ਆਲੋਚਨਾ ਤੋਂ ਬਚਾਉਣਾ ਵੀ ਪ੍ਰਧਾਨ ਮੰਤਰੀ ਦੀ ਜਿੰਮੇਵਾਰੀ ਹੁੰਦੀ ਹੈ।



# 9. ਕਾਮਨਜ਼ ਸਦਨ ਨੂੰ ਭੰਗ ਕਰਾਉਣ ਦੀ ਸ਼ਕਤੀ
# (Power to get house of the Commons dissolved)

- ਪ੍ਰਧਾਨ ਮੰਤਰੀ ਕਾਮਨਜ਼ ਸਦਨ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਵੀ ਇਸਨੂੰ ਭੰਗ ਕਰਵਾ ਸਕਦਾ ਹੈ। ਇੰਗਲੈਂਡ ਵਿੱਚ ਇੱਕ ਪ੍ਰੰਪਰਾ ਵਿਕਸਿਤ ਹੋ ਗਈ ਹੈ ਕਿ ਪ੍ਰਧਾਨ ਮੰਤਰੀ ਦੁਆਰਾ ਦਿੱਤੀ ਕਾਮਨਜ਼ ਸਦਨ ਨੂੰ ਭੰਗ ਕਰਨ ਦੀ ਸਲਾਹ ਨੂੰ ਬਾਦਸ਼ਾਹ ਪ੍ਰਵਾਨ ਕਰ ਹੀ ਲੈਂਦਾ ਹੈ ਅਤੇ ਸਦਨ ਨੂੰ ਭੰਗ ਕਰਕੇ ਨਵੀਆਂ ਚੋਣਾਂ ਦਾ ਐਲਾਨ ਕਰ ਦਿੰਦਾ ਹੈ।

# 10. ਰਾਸ਼ਟਰ ਦਾ ਨੇਤਾ
# (Leader of the Nation)

ਪ੍ਰਧਾਨ ਮੰਤਰੀ ਰਾਸ਼ਟਰ ਦਾ ਨੇਤਾ ਹੁੰਦਾ ਹੈ। ਉਹ ਘਰੇਲੂ ਅਤੇ ਵਿਦੇਸ਼ੀ ਮਾਮਲਿਆਂ ਵਿੱਚ ਰਾਸ਼ਟਰ ਦੀ ਅਗਵਾਈ ਕਰਦਾ ਹੈ। ਮਹੱਤਵਪੂਰਨ ਸਮਿਆਂ ਤੇ ਉਹ ਰੇਡੀਉ ਅਤੇ ਟੈਲੀਵਿਜ਼ਨ ਦੁਆਰਾ ਲੋਕਾਂ ਦੇ ਸਨਮੁੱਖ ਹੁੰਦਾ ਹੈ। ਕਿਸੇ ਕਿਸਮ ਦਾ ਸੰਕਟ ਆਉਣ ਤੇ ਉਹ ਲੋਕਾਂ ਨੂੰ ਸਹਿਯੋਗ ਦੀ ਅਪੀਲ ਕਰਦਾ ਹੈ ਅਤੇ ਅਜਿਹੇ ਸੰਕਟ ਤੋਂ ਇੰਗਲੈਂਡ ਨੂੰ ਸਫਲਤਾਪੂਰਵਕ ਕੱਢਣ ਦਾ ਵਿਸ਼ਵਾਸ਼ ਦੁਆਉਂਦਾ ਹੈ। ਕਿਸੇ ਵਿਸ਼ਵ ਯੁੱਧ ਦੌਰਾਨ ਜਾਂ ਆਰਥਿਕ ਮੰਦੀ ਦੌਰਾਨ ਖਜ਼ਾਨਾ ਮੰਤਰੀ ਜਾਂ ਰੱਖਿਆ ਮੰਤਰੀ ਕੌਣ ਸੀ ਇਸ ਬਾਰੇ ਲੋਕਾਂ ਨੂੰ ਬਹੁਤਾ ਯਾਦ ਨਹੀਂ ਰਹਿੰਦਾ, ਪ੍ਰੰਤੂ ਪ੍ਰਧਾਨ ਮੰਤਰੀ ਕੌਣ ਸੀ ਇਹ ਜਰੂਰ ਯਾਦ ਰਹਿੰਦਾ ਹੈ।



# 11. ਵਿਦੇਸ਼ ਨੀਤੀ ਦਾ ਸੰਚਾਲਕ
# (Director of Foriegn Policy)

ਇੰਗਲੈਂਡ ਦੇ ਵਿਦੇਸ਼ਾਂ ਨਾਲ ਸੰਬੰਧਾਂ ਦੀ ਰੂਪ ਰੇਖਾ ਪ੍ਰਧਾਨ ਮੰਤਰੀ ਤੈਅ ਕਰਦਾ ਹੈ। ਵਿਦੇਸ਼ਾਂ ਵਿੱਚ ਜਾਣ ਵਾਲੇ ਰਾਜਦੂਤਾਂ, ਹਾਈ ਕਮਿਸ਼ਨਰਾਂ ਅਤੇ ਹੋਰ ਪ੍ਰਤੀਨਿਧਾਂ ਦੀ ਨਿਯੁਕਤੀ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ ਸਭ ਤੋਂ ਵੱਧ ਮਹੱਤਵਪੂਰਨ ਹੁੰਦੀ ਹੈ। ਉਹ ਦੂਸਰੇ ਰਾਜਾਂ ਤੋਂ ਆਉਣ ਵਾਲੇ ਮਹਿਮਾਨਾ ਨਾਲ ਮੁਲਾਕਾਤ ਕਰਦਾ ਹੈ ਅਤੇ ਆਪ ਵੀ ਦੂਸਰੇ ਰਾਜਾਂ ਦੇ ਦੌਰੇ ਕਰਦਾ ਹੈ। ਕਿਸੇ ਅੰਤਰ ਰਾਸ਼ਟਰੀ ਸੰਧੀ–ਸਮਝੌਤੇ ਆਦਿ ਵਿੱਚ ਸ਼ਾਮਿਲ ਹੋਣ ਜਾਂ ਨਾ ਹੋਣ ਸੰਬੰਧੀ ਇੰਗਲੈਂਡ ਦੀ ਅਗਵਾਈ ਪ੍ਰਧਾਨ ਮੰਤਰੀ ਹੀ ਕਰਦਾ ਹੈ।

# 12. ਨਿਯੁਕਤੀਆਂ ਤੇ ਨਿਯੰਤਰਣ (Control over appointments)

ਉੱਚ ਪੱਧਰ ਦੀਆਂ ਮਹੱਤਵਪੂਰਨ ਨਿਯੁਕਤੀਆਂ ਭਾਵੇਂ ਬਾਦਸ਼ਾਹ ਕਰਦਾ ਹੈ, ਪ੍ਰੰਤੂ ਇਹਨਾ ਨਿਯੁਕਤੀਆਂ ਲਈ ਵਿਅਕਤੀਆਂ ਦੀ ਚੋਣ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ ਸਭ ਤੋਂ ਵੱਧ ਅਹਿਮ ਹੁੰਦੀ ਹੈ।

- ਮੰਤਰੀ
- ਸੂਹੀਆ ਅਤੇ ਸੁਰੱਖਿਆ ਸੇਵਾਵਾਂ ਦੇ ਮੁਖੀ
- ਉੱਚ ਪੱਧਰੀ ਸਿਵਲ ਸਰਵਿਸ ਅਧਿਕਾਰੀ
- ਧਾਰਮਿਕ ਖੇਤਰ ਦੀਆਂ ਨਿਯੁਕਤੀਆਂ
- ਰਾਇਲ ਕਮਿਸ਼ਨਾਂ ਆਦਿ ਵਿੱਚ ਨਿਯੁਕਤੀਆਂ
- ਪੀਅਰਾਂ ਦੀਆਂ ਨਿਯੁਕਤੀਆਂ; ਆਦਿ।

# 13. ਵਿਧਾਨਸਾਜ਼ੀ ਤੇ ਨਿਯੰਤਰਣ
# (Control over Legislation)

ਸੰਸਦ ਵਿੱਚ ਸਰਕਾਰੀ ਬਿੱਲ ਪੇਸ਼ ਕਰਨ ਤੋਂ ਪਹਿਲਾਂ ਮੰਤਰੀ ਮੰਡਲ ਵਿੱਚ ਵਿਚਾਰੇ ਜਾਂਦੇ ਹਨ। ਪ੍ਰਧਾਨ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਸਰਕਾਰੀ ਬਿੱਲ ਸੰਸਦ ਵਿੱਚ ਪੇਸ਼ ਨਹੀਂ ਕੀਤਾ ਜਾਂਦਾ। ਕੋਈ ਪ੍ਰਾਈਵੇਟ ਮੈਂਬਰ ਬਿੱਲ ਵੀ ਪ੍ਰਧਾਨ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਪਾਸ ਨਹੀਂ ਹੋ ਸਕਦਾ।

# 14. ਵਿੱਤੀ ਨਿਯੰਤਰਣ
# (Financial control)

ਖਜ਼ਾਨਾਂ ਮੰਤਰੀ ਬੱਜਟ ਪੇਸ਼ ਕਰਨ ਤੋਂ ਪਹਿਲਾਂ ਮੰਤਰੀ ਮੰਡਲ ਦੀ ਪ੍ਰਵਾਨਗੀ ਪ੍ਰਾਪਤ ਕਰਦਾ ਹੈ। ਪ੍ਰਧਾਨ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਬੱਜਟ ਪੇਸ਼ ਨਹੀਂ ਕੀਤਾ ਜਾਂਦਾ। ਇਸਤੋਂ ਬਿਨਾਂ ਬੱਜਟ ਤਿਆਰ ਕਰਨ ਵੇਲੇ ਵੀ ਖਜ਼ਾਨਾ ਮੰਤਰੀ ਪ੍ਰੰਧਾਨ ਮੰਤਰੀ ਤੋਂ ਹੀ ਦਿਸ਼ਾ ਨਿਰਦੇਸ਼ ਲੈਂਦਾ ਹੈ।

# 15. ਸਨਮਾਨ ਦੇਣ ਦੀ ਸ਼ਕਤੀ
# (Power to grant Honours)

ਬਾਦਸ਼ਾਹ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਮਾਨ ਸਨਮਾਨ ਮੰਤਰੀ ਮੰਡਲ ਦੀ ਸਲਾਹ ਤੇ ਹੀ ਦਿੱਤੇ ਜਾਂਦੇ ਹਨ। ਇਹਨਾ ਸਨਮਾਨਾ ਲਈ ਵਿਅਕਤੀਆਂ ਦੀ ਚੋਣ ਕੀਤੇ ਜਾਣ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ।

# ਪ੍ਰਧਾਨ ਮੰਤਰੀ ਦੀ ਸਥਿਤੀ
# (Position of the Prime Minister)

- ਆਈਵਰ ਜੈਨਿੰਗਜ਼ (Ivor Jennings)– "ਪ੍ਰਧਾਨ ਮੰਤਰੀ ਸਿਰਫ ਬਰਾਬਰ ਵਾਲ਼ਿਆਂ ਵਿੱਚ ਪਹਿਲਾ ਨਹੀਂ ਹੈ। ਉਹ ਕੇਵਲ ਸਿਤਾਰਿਆਂ ਵਿੱਚ ਚੰਦਰਮਾ ਨਹੀਂ ਹੈ। ਬਲਕਿ ਉਹ ਤਾਂ ਸੂਰਜ ਹੈ ਜਿਸਦੇ ਦੁਆਲ਼ੇ ਸਾਰੇ ਗ੍ਰਹਿ ਪਰਿਕਰਮਾ ਕਰਦੇ ਹਨ।" ਲਾਰਡ ਮਾਰਲੇ (Lord Morley)– "ਪ੍ਰਧਾਨ ਮੰਤਰੀ ਮੰਤਰੀ ਮੰਡਲ ਰੂਪੀ ਮਹਿਰਾਬ ਦਾ ਨੀਂਹ ਪੱਥਰ ਹੈ"।

- "He is not only primus inter pares. He is not only moon among stars. He is rather sun around which all the planets revolve."

- Ivor Jennings

- "Prime Minister is the key stone of the cabinet arch."

- Lord Morley

# ਪ੍ਰਧਾਨ ਮੰਤਰੀ ਦੀ ਸਥਿਤੀ
# (Position of the Prime Minister)

- ਪ੍ਰਧਾਨ ਮੰਤਰੀ ਦੀ ਸਥਿਤੀ ਹਰ ਸਮੇਂ ਇੱਕੋ-ਜਿਹੀ ਨਹੀਂ ਰਹਿੰਦੀ। ਇਹ ਸਥਿਤੀ ਇਸ ਅਹੁਦੇ ਤੇ ਬੈਠੇ ਵਿਅਕਤੀ ਦੇ ਵਿਅਕਤੀਤਵ ਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ। ਜੇਕਰ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬੈਠਾ ਵਿਅਕਤੀ ਸੂਝਵਾਨ, ਅਤੇ ਵਧੀਆ ਨਿਰਣਾਕਰਤਾ (good decision maker) ਹੋਵੇ ਤਾਂ ਉਹ ਦੁਨੀਆਂ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਲੋਕਤੰਤਰੀ ਸ਼ਾਸਕ ਬਣ ਸਕਦਾ ਹੈ। ਜੇਕਰ ਉਹ ਕਮਜ਼ੋਰ ਵਿਅਕਤੀਤਵ ਦਾ ਮਾਲਕ ਹੋਵੇ ਤਾਂ ਉਸਦੀ ਸਥਿਤੀ ਬਹੁਤੀ ਪ੍ਰਭਾਵਸ਼ਾਲੀ ਨਹੀਂ ਹੁੰਦੀ। ਇਸੇ ਲਈ ਪ੍ਰੋ. ਫਾਈਨਰ (Prof. Finer) ਨੇ ਕਿਹਾ ਹੈ ਕਿ, "ਉਹ ਮਜ਼ਬੂਤੀ ਨਾਲ ਕਾਠੀ ਬੈਠਾ ਹੁੰਦਾ ਹੈ ਪਰ ਉਹ ਇੱਕ ਚੰਗਾ ਘੋੜਸਵਾਰ ਹੈ ਜਾਂ ਲੜਖੜਾਉਣ ਵਾਲਾ, ਕਿਰਾਏ ਦੇ ਟੱਟੂ ਤੇ ਚੜਨ ਦੇ ਲਾਇਕ ਹੈ ਜਾਂ ਸੈਨਿਕ ਅਫਸਰ ਦੇ ਘੋੜੇ, ਜਾਂ ਘੋੜਦੌੜ ਵਾਲੇ ਘੋੜੇ ਤੇ, ਇਹ ਸਭ ਕੁੱਝ ਉਸਦੇ ਆਪਣੇ ਉੱਪਰ ਨਿਰਭਰ ਕਰਦਾ ਹੈ।"

ਪ੍ਰਧਾਨ ਮੰਤਰੀ ਦੀ ਸਥਿਤੀ ਸਮੇਂ ਦੇ ਰਾਜਨੀਤਿਕ ਹਾਲਾਤ ਤੇ ਵੀ ਨਿਰਭਰ ਕਰਦੀ ਹੈ। ਜੇਕਰ ਉਸਦੇ ਦਲ ਕੋਲ ਪੂਰਨ ਬਹੁਮਤ ਹੋਵੇ ਅਤੇ ਉਸਦਾ ਦਲ ਤੇ ਪੂਰਾ ਨਿਯੰਤਰਣ ਹੋਵੇ ਤਾਂ ਉਸਦੀ ਸਥਿਤੀ ਬਹੁਤ ਸ਼ਕਤੀਸ਼ਾਲੀ ਬਣ ਜਾਂਦੀ ਹੈ। ਗਠਜੋੜ ਸਰਕਾਰ ਹੋਣ ਤੇ ਪ੍ਰਧਾਨ ਮੰਤਰੀ ਦੀ ਸਥਿਤੀ ਬਹੁਤੀ ਪ੍ਰਭਾਵਸ਼ਾਲੀ ਨਹੀਂ ਰਹਿੰਦੀ।

"He is firmly in the saddle but whether he is a good rider or a stumbler, more worthy of a hack than a charger or race horse depends upon him."- Prof. Finer

# ਸਿੱਟਾ (Conclusion)

ਪ੍ਰਧਾਨ ਮੰਤਰੀ ਬਰਤਾਨਵੀ ਰਾਜਨੀਤਿਕ ਪ੍ਰਣਾਲੀ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਵਿਅਕਤੀ ਹੁੰਦਾ ਹੈ। ਉਹ ਸਾਰੀਆਂ ਸ਼ਾਸਕੀ ਸ਼ਕਤੀਆਂ ਦਾ ਧੁਰਾ ਹੈ। ਦੇਸ਼ ਦੇ ਸੁਚੱਜੇ ਸ਼ਾਸਨ ਪ੍ਰਬੰਧ ਅਤੇ ਦੇਸ਼ ਦੀ ਰੱਖਿਆ ਲਈ ਸਾਰੀਆਂ ਸ਼ਕਤੀਆਂ ਅਤੇ ਜਿੰਮੇਵਾਰੀਆਂ ਅੰਤ ਵਿੱਚ ਪ੍ਰਧਾਨ ਮੰਤਰੀ ਦੀਆਂ ਹੀ ਹੁੰਦੀਆਂ ਹਨ।

# ਪ੍ਰਧਾਨ ਮੰਤਰੀ

ਜਾਂ

ਤਾਨਾਸ਼ਾਹ?

# PRIME MINISTER

or

# DICTATOR

# ਕੀ ਪ੍ਰਧਾਨ ਮੰਤਰੀ ਤਾਨਾਸ਼ਾਹ ਬਣ ਸਕਦਾ ਹੈ ?

# CAN A PRIME MINISTER BECOME A DICTATOR ?

ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਦੇ ਆਧਾਰ ਤੇ ਕਈ ਵਿਸ਼ਲੇਸ਼ਕ ਉਸਨੂੰ ਤਾਨਾਸ਼ਾਹ ਕਹਿੰਦੇ ਹਨ। ਆਪਣੇ ਇਸ ਵਿਚਾਰ ਦੇ ਹੱਕ ਵਿੱਚ ਉਹ ਕਈ ਪ੍ਰਧਾਨ ਮੰਤਰੀਆਂ ਦੀ ਕਾਰਜਸ਼ੈਲੀ ਦੀਆਂ ਉਦਾਹਰਣਾਂ ਵੀ ਦਿੰਦੇ ਹਨ, ਜਿਹਨਾ ਦਾ ਸਮੁੱਚੇ ਸ਼ਾਸਨ ਤੇ ਪੂਰਨ ਨਿਯੰਤਰਣ ਸੀ ਅਤੇ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਉਹ ਮੰਤਰੀ ਮੰਡਲ ਦੀ ਸਲਾਹ ਤੋਂ ਬਿਨਾਂ ਇਕੱਲੇ ਹੀ ਕਰ ਲੈਂਦੇ ਸਨ। ਪ੍ਰੰਤੂ ਫਿਰ ਵੀ ਇਹ ਕਥਨ ਪੂਰਨ ਰੂਪ ਵਿੱਚ ਠੀਕ ਨਹੀਂ ਹੈ। ਪ੍ਰਧਾਨ ਮੰਤਰੀ ਨੂੰ ਦੀ ਸ਼ਕਤੀਆਂ ਦੀ ਵਰਤੋਂ ਤੇ ਕੋਈ ਪ੍ਰਭਾਵਸ਼ਾਲੀ ਰੋਕ ਨਹੀਂ ਹੈ, ਪ੍ਰੰਤੂ ਉਸ ਦੁਆਰਾ ਸ਼ਕਤੀਆਂ ਦੀ ਮਨਮਰਜੀ ਨਾਲ ਵਰਤੋਂ ਤੇ ਅਨੇਕਾਂ ਰੋਕਾਂ ਹਨ

# 1. ਸੰਸਦੀ ਨਿਯੰਤਰਣ
# (Parliamentary control)

ਸਰਕਾਰ ਆਪਣੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਲਈ ਸੰਸਦ ਪ੍ਰਤੀ ਜਿੰਮੇਵਾਰ ਹੁੰਦੀ ਹੈ। ਕਾਮਨਜ਼ ਸਦਨ ਤਾਂ ਬੇਵਿਸ਼ਵਾਸ਼ੀ ਦਾ ਮਤਾ ਪਾਸ ਕਰਕੇ ਸਾਰੀ ਮੰਤਰੀ ਪ੍ਰੀਸ਼ਦ ਨੂੰ ਅਹੁਦੇ ਤੋਂ ਵੱਖ ਵੀ ਕਰ ਸਕਦਾ ਹੈ। ਸਰਕਾਰ ਭਾਵੇਂ ਪੂਰਨ ਬਹੁਮਤ ਵਾਲੀ ਵੀ ਹੋਵੇ ਤਾਂ ਵੀ ਇਸਦੀਆਂ ਕਮੀਆਂ ਨੂੰ ਸੰਸਦ ਉਜਾਗਰ ਕਰਦੀ ਰਹਿੰਦੀ ਹੈ।

# 2. ਦਲ ਨਿਯੰਤਰਣ
# (Party control)

ਪ੍ਰਧਾਨ ਮੰਤਰੀ ਨੂੰ ਆਪਣੇ ਰਾਜਨੀਤਿਕ ਦਲ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ। ਮੰਤਰੀ ਮੰਡਲ ਦਾ ਗਠਨ ਕਰਨ ਲੱਗੇ ਉਹ ਪੂਰੀ ਤਰਾਂ ਆਪਣੀ ਮਨਮਰਜੀ ਨਹੀਂ ਕਰ ਸਕਦਾ ਉਸਨੂੰ ਆਪਣੇ ਦਲ ਦੇ ਸੀਨੀਅਰ ਮੈਂਬਰਾਂ ਨੂੰ ਉਹਨਾ ਦੇ ਰੁਤਬੇ ਅਨੁਸਾਰ ਮੰਤਰੀ ਮੰਡਲ ਵਿੱਚ ਸ਼ਾਮਿਲ ਕਰਨਾ ਪੈਂਦਾ ਹੈ। ਕਈ ਪ੍ਰਧਾਨ ਮੰਤਰੀਆਂ ਨੂੰ ਆਪਣੀ ਕਾਰਜਸ਼ੈਲੀ ਵਿੱਚ ਮਨਮਰਜੀ ਅਤੇ ਅੜੀਅਲ ਵਤੀਰੇ ਕਾਰਨ ਆਪਣੇ ਹੀ ਦਲ ਦੇ ਜਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। 1940 ਵਿੱਚ ਚੈਂਬਰਲੇਨ (Chamberlain), 1990 ਵਿੱਚ ਸ੍ਰੀਮਤੀ ਮਾਰਗਰੇਟ ਥੈਚਰ (Mrs. Margrate Thacher), ਅਤੇ 2007 ਵਿੱਚ ਸ੍ਰੀ ਟੋਨੀ ਬਲੇਅਰ (Mr. Tony Blair) ਨੂੰ ਆਪਣੇ ਹੀ ਦਲ ਵਿਚਲੀ ਵਿਰੋਧਤਾ ਕਾਰਨ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।

# 3. ਵਿਰੋਧੀ ਦਲ ਦਾ ਨਿਯੰਤਰਣ
# (Control of Opposition)

ਵਿਰੋਧੀ ਦਲ ਪ੍ਰਧਾਨ ਮੰਤਰੀ ਦੇ ਹਰ ਅਜਿਹੇ ਕਦਮ ਨੂੰ ਲੋਕਾਂ ਸਾਹਮਣੇ ਲਿਆਉਂਦਾ ਰਹਿੰਦਾ ਹੈ ਜਿਹੜਾ ਕਿ ਲੋਕਤੰਤਰ ਵਿਰੋਧੀ ਹੋਵੇ, ਜਾਂ ਤਾਨਾਸ਼ਾਹੀ ਰਵੱਈਏ ਵਾਲਾ ਹੋਵੇ ਜਾਂ ਜਿਹੜਾ ਕਦਮ ਦੇਸ਼ ਲਈ ਨੁਕਸਾਨਦਾਇਕ ਸਿੱਧ ਹੋਇਆ ਹੋਵੇ। ਪ੍ਰਧਾਨ ਮੰਤਰੀ ਤੇ ਵਿਰੋਧੀ ਦਲ ਦੇ ਨਿਯੰਤਰਣ ਸੰਬੰਧੀ ਜਾਰਜ ਬਰਨਾਰਡ ਸ਼ਾਅ (George Barnard Shaw) ਨੇ ਕਿਹਾ ਹੈ ਕਿ, "ਪ੍ਰਧਾਨ ਮੰਤਰੀ ਆਪਣੀ ਪਤਨੀ ਤੋਂ ਵੀ ਵਧੇਰੇ ਵਿਰੋਧੀ ਦਲ ਦੇ ਨੇਤਾ ਨੂੰ ਜਾਣਦਾ ਹੁੰਦਾ ਹੈ।"

"The British Prime Minister knows the leader of opposition better than he does his  wife." - Geroge Bernard Shaw

# 4. ਸੰਚਾਰ ਸਾਧਨ
## (Means of communication)

ਸੰਚਾਰ ਸਾਧਨ ਸਰਕਾਰ ਦੀਆਂ ਕਮੀਆਂ ਨੂੰ ਜਨਤਾ ਸਾਹਮਣੇ ਲਿਆਉਂਦੇ ਰਹਿੰਦੇ ਹਨ। ਸਰਕਾਰ ਦੀਆਂ ਕਮੀਆਂ ਲਈ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਿੰਮੇਵਾਰ ਹੁੰਦਾ ਹੈ। ਇਸ ਲਈ ਉਹ ਮਨਮਰਜੀ ਨਾਲ ਕੋਈ ਵੀ ਅਜਿਹਾ ਕਦਮ ਨਹੀਂ ਉਠਾ ਸਕਦਾ ਜਿਸ ਵਿੱਚ ਕਿਸੇ ਰਾਸ਼ਟਰੀ ਨੁਕਸਾਨ ਦਾ ਜੋਖਿਮ ਹੋਵੇ।

# 5. ਜਨ-ਮਤ
## (Public opinion)

ਬਰਤਾਨਵੀ ਲੋਕ ਬੜੇ ਜਾਗਰੂਕ ਹਨ। ਉਹ ਸਾਰੇ ਮਹੱਤਵਪੂਰਨ ਰਾਜਨੀਤਿਕ ਮਸਲਿਆਂ ਬਾਰੇ ਜਾਣਕਾਰੀ ਰੱਖਦੇ ਹਨ ਅਤੇ ਇੱਕ ਉਸਾਰੂ ਜਨ-ਮਤ ਦਾ ਨਿਰਮਾਣ ਕਰਦੇ ਹਨ। ਕੋਈ ਵੀ ਪ੍ਰਧਾਨ ਮੰਤਰੀ ਜਨ-ਮਤ ਦੇ ਵਿਰੁੱਧ ਨਹੀਂ ਜਾ ਸਕਦਾ। ਜਨ-ਮਤ ਪ੍ਰਧਾਨ ਮੰਤਰੀ ਦੀ ਮਨਮਾਨੀ ਤੇ ਬਹੁਤ ਪ੍ਰਭਾਵਸ਼ਾਲੀ ਰੋਕ ਹੈ।

# 6. ਨਿਯਮਤ ਚੋਣਾਂ
# (Regular elections)

ਇੰਗਲੈਂਡ ਵਿੱਚ ਲੋਕਤੰਤਰ ਪੂਰੀ ਤਰਾਂ ਸਥਾਪਿਤ ਹੋ ਚੁੱਕਿਆ ਹੈ। ਲੋਕ ਇੱਛਾ ਦੀ ਪ੍ਰਤੀਨਿਧਤਾ ਕਰਨ ਵਾਲਾ ਕਾਮਨਜ਼ ਸਦਨ ਵਾਸਤਵਿਕ ਸੰਸਦ ਬਣ ਚੁੱਕਿਆ ਹੈ। ਕਾਮਨਜ਼ ਸਦਨ ਦੀਆਂ ਹਰ ਪੰਜ ਸਾਲ ਬਾਅਦ ਚੋਣਾਂ ਹੁੰਦੀਆਂ ਹਨ, ਜਿਹਨਾ ਦੇ ਨਤੀਜੇ ਦੇ ਆਧਾਰ ਤੇ ਮੰਤਰੀ ਮੰਡਲ ਦਾ ਨਿਰਮਾਣ ਹੁੰਦਾ ਹੈ। ਇਸ ਲਈ ਕੋਈ ਵੀ ਪ੍ਰਧਾਨ ਮੰਤਰੀ ਲੋਕਾਂ ਦੀਆਂ ਲੋੜਾਂ ਅਤੇ ਉਮੀਦਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦਾ।

# 7. ਅੰਗਰੇਜਾਂ ਦੀਆਂ ਲੋਕਤੰਤਰੀ ਮਾਨਤਾਵਾਂ
# (Democratic values of the English people)

ਬਰਤਾਨਵੀ ਲੋਕ ਧੁਰ ਅੰਦਰੋਂ ਲੋਕਤੰਤਰੀ ਹਨ। ਉਹ ਕਿਸੇ ਵੀ ਅਜਿਹੇ ਪ੍ਰਧਾਨ ਮੰਤਰੀ ਨੂੰ ਸਹਿਣ ਨਹੀਂ ਕਰਨਗੇ ਜਿਹੜਾ ਤਾਨਾਸ਼ਾਹੀ ਤਰੀਕੇ ਨਾਲ ਕੰਮ ਕਰਦਾ ਹੋਵੇ। ਅੰਗਰੇਜਾਂ ਦੀਆਂ ਮਜ਼ਬੂਤ ਲੋਕਤੰਤਰੀ ਭਾਵਨਾਵਾਂ ਕਰਕੇ ਉੱਥੇ 'ਸ਼ਾਸਨ ਆਦੇਸ਼ ਪ੍ਰੰਪਰਾ' (Mandate Convention) ਵਰਗੀਆਂ ਉਸਾਰੂ ਰਵਾਇਤਾਂ ਪੈਦਾ ਹੋ ਗਈਆਂ ਹਨ ਜਿਹੜੀਆਂ ਪ੍ਰਧਾਨ ਮੰਤਰੀ ਨੂੰ ਲੋਕਤੰਤਰੀ ਮਰਿਆਦਾਵਾਂ ਵਿੱਚ ਰਹਿ ਕੇ ਕੰਮ ਕਰਨ ਲਈ ਮਜਬੂਰ ਕਰਦੀਆਂ ਹਨ।

# 8. ਦਬਾਉ ਸਮੂਹਾਂ ਦਾ ਨਿਯੰਤਰਣ
# (Control of pressure groups)

ਬਰਤਾਨੀਆਂ ਦੀ ਰਾਜਨੀਤਿਕ ਪ੍ਰਣਾਲੀ ਵਿੱਚ ਮਜ਼ਦੂਰਾਂ, ਕਿਸਾਨਾ, ਵਿਉਪਾਰੀਆਂ ਅਤੇ ਪੂੰਜੀਪਤੀਆਂ ਆਦਿ ਸ਼੍ਰੇਣੀਆਂ ਦੇ ਦਬਾਉ ਸਮੂਹ ਬਹੁਤ ਪ੍ਰਭਾਵਸ਼ਾਲੀ ਹਨ। ਕੋਈ ਵੀ ਪ੍ਰਧਾਨ ਮੰਤਰੀ ਇਹਨਾ ਦੀ ਵਰਗਾਂ ਸੰਬੰਧੀ ਨੀਤੀ ਨਿਰਮਾਣ ਤੋਂ ਪਹਿਲਾਂ ਇਹਨਾਂ ਵਰਗਾਂ ਦੇ ਦਬਾਉ ਸਮੂਹਾਂ ਨੂੰ ਜਰੂਰ ਭਰੋਸੇ ਵਿੱਚ ਲੈਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਦਬਾਉ ਸਮੂਹ ਹੜਤਾਲ਼ਾਂ ਅਤੇ ਧਰਨਿਆਂ ਆਦਿ ਦਾ ਰਸਤਾ ਅਪਣਾ ਲੈਂਦੇ ਹਨ ਜਿਸਦਾ ਪ੍ਰਧਾਨ ਮੰਤਰੀ ਦੀ ਸਾਖ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।

# ਸਿੱਟਾ (Conclusion)

ਬਾਦਸ਼ਾਹ ਦੀਆਂ ਸ਼ਕਤੀਆਂ ਅਠਾਰਵੀਂ ਸਦੀ ਵਿੱਚ ਸੰਸਦ ਤੋਂ ਹੁੰਦੀਆਂ ਹੋਈਆਂ ਅੱਗੇ ਮੰਤਰੀ ਮੰਡਲ ਤੇ ਫਿਰ ਅਖੀਰ ਵਿੱਚ ਪ੍ਰਧਾਨ ਮੰਤਰੀ ਤੱਕ ਪਹੁੰਚ ਗਈਆਂ ਹਨ। ਬਰਤਾਨਵੀ ਪ੍ਰਧਾਨ ਮੰਤਰੀ ਇੱਕ 'ਚੁਣੇ' ਹੋਏ ਬਾਦਸ਼ਾਹ ਤੋਂ ਘੱਟ ਨਹੀਂ ਹੈ। ਪ੍ਰੰਤੂ ਉਸਨੂੰ ਹਮੇਸ਼ਾਂ ਇਹ ਗੱਲ ਚੇਤੇ ਰੱਖਣੀ ਪੈਂਦੀ ਹੈ ਕਿ ਉਹ 'ਚੁਣਿਆਂ' ਹੋਇਆ ਹੈ। ਬਰਤਾਨਵੀ ਲੋਕਾਂ ਦੀ ਭਲਾਈ ਲਈ ਨੇਕ–ਨੀਅਤੀ ਨਾਲ ਉਹ ਲਗਭਗ ਉਹਨਾ ਸਾਰੀਆਂ ਹੀ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਜਿਹੜੀਆਂ ਕਿਸੇ ਸਮੇਂ ਨਿਰੰਕੁਸ਼ ਬਾਦਸ਼ਾਹਾਂ ਕੋਲ ਹੁੰਦੀਆਂ ਸਨ। ਪ੍ਰੰਤੂ ਤਾਨਾਸ਼ਾਹੀ ਤਰੀਕੇ ਨਾਲ ਤਾਂ ਉਹ ਆਪਣੇ ਅਹੁਦੇ ਨੂੰ ਵੀ ਸੁਰੱਖਿਅਤ ਨਹੀਂ ਰੱਖ ਸਕਦਾ।




Joginder Singh Khatra

Assistant Professor & Head

Dept. of Political Science

Akal Degree College Mastuana